ਵਿਸ਼ਾ ਪੰਜਾਬੀ ਜਮਾਤ ਨੌਂਵੀਂ- ਦਸਵੀਂ

**ਪੰਜਾਬ ਰੋਡਵੇਜ਼ /ਪੀ.ਆਰ.ਟੀ.ਸ.ਦੇ ਮੈਨੇਜਰ ਨੂੰ ਆਪਣੇ ਪਿੰਡ/ਸ਼ਹਿਰ ਤੱਕ ਬੱਸ ਸੇਵਾ ਨਿਯਮਿਤਕਰਵਾਉਣ ਲਈ ਪੱਤਰ ਲਿਖੋ**

ਸੇਵਾ ਵਿਖੇ

ਮੈਨੇਜਰ ਸਾਹਿਬ,

ਪੰਜਾਬ ਰੋਡਵੇਜ਼,

ਜਲੰਧਰ ।

ਵਿਸ਼ਾ :- ਬੱਸ ਸੇਵਾ ਨੂੰ ਨਿਯਮਿਤ ਕਰਵਾਉਣ ਲਈ ਪੱਤਰ ।

ਸ੍ਰੀ ਮਾਨ ਜੀ,

ਸਨਿਮਰ ਬੇਨਤੀ ਹੈ ਕਿ ਸਾਡੇ ਪਿੰਡ ਤੋਂ ਜਲੰਧਰ ਤੱਕ ਜੋ ਲੋਕਲ ਬੱਸ ਚਲਦੀ ਹੈ, ਇਸ ਦਾ ਪਿੰਡ ਤੋਂ ਚੱਲਣ ਤੇ ਪਿੰਡ ਪਹੰਚਣ ਦਾ ਸਮਾਂ ਬੜਾ ਅਨਿਯਮਤ ਹੈ।ਬੱਸ ਦੇ ਪਿੰਡ ਤੋਂ ਚੱਲਣ ਦਾ ਸਮਾਂ ਤਾਂ ਸਵੇਰੇ ਅੱਠ ਵਜੇ ਦਾ ਹੈ, ਪਰ ਇਸ ਦਾ ਡਰਾਈਵਰ ਤੇ ਕੰਡਕਟਰ ਬੱਸ ਨੂੰ ਕਦੇ ਵੀ ਸਮੇਂ ਸਿਰ ਨਹੀਂ ਤੋਰਦੇ ।ਉਹ ਕਈ ਵਾਰ ਤਾਂ ਘਰੋਂ ਹੀ ਲੇਟ ਆਉਂਦੇ ਹਨ ਤੇ ਜੇ ਕਦੇ ਟਾਈਮ ਸਿਰ ਆ ਵੀ ਜਾਣ ਤਾਂ ਬੱਸ ਅੱਡੇ 'ਤੇ ਬੈਠ ਕੇ ਚਾਹ ਪੀਣ ਲੱਗ ਜਾਂਦੇ ਹਨ ।ਕਈ ਵਾਰ ਉਹ ਹੋਰ ਸਾਥੀਆਂ ਨਾਲ ਬੈਠ ਕੇ ਗੱਪਾਂ ਮਾਰਨ ਬੈਠ ਜਾਂਦੇ ਹਨ ,ਜਿਸ ਕਰਕੇ ਡਿਊਟੀ 'ਤੇ ਜਾਣ ਵਾਲੇ ਮੁਸਾਫਿਰਾਂ ਤੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬੜੀ ਪਰੇਸ਼ਾਨੀ ਹੁੰਦੀ ਹੈ ।ਕਈ ਮੁਸਾਫਿਰਾਂ ਨੇ ਅੱਗੇ ਜਾਣ ਲਈ ਮੁੱਖ ਅੱਡੇ ਤੋਂ ਹੋਰ ਬੱਸ ਵੀ ਫੜਨੀ ਹੁੰਦੀ ਹੈ ।ਲੇਟ ਪਹੁੰਚਣ ਕਰਕੇ ਉਹ ਬੱਸ ਵੀ ਲੰਘ ਜਾਂਦੀ ਹੈ ।ਦੁਪਹਿਰ ਤੇ ਸ਼ਾਮ ਦੇ ਸਮੇਂ ਵੀ ਇਹ ਬੱਸ ਸਵਾਰੀਆਂ ਨੂੰ ਸਮੇਂ ਸਿਰ ਟਿਕਾਣੇ ਨਹੀਂ ਪਹੁੰਚਾਉਂਦੀ ।

ਇਸ ਬੱਸ ਦੀ ਹਾਲਤ ਵੀ ਬਹੁਤ ਖ਼ਰਾਬ ਹੈ ।ਕਈ ਵਾਰ ਤਾਂ ਇਸਦਾ ਇੰਜਣ ਰਸਤੇ ਵਿੱਚ ਹੀ ਬੰਦ ਹੋ ਜਾਂਦਾ ਹੈ ਤੇ ਸਵਾਰੀਆਂ ਨੂੰ ਧੱਕਾ ਲਾ ਕੇ ਬੱਸ ਸਟਾਰਟ ਕਰਵਾਉਣੀ ਪੈਂਦੀ ਹੈ ।ਬੱਸ ਦੀਆਂ ਸੀਟਾਂ ਵੀ ਟੁੱਟੀਆਂ ਹੋਈਆਂ ਹਨ, ਜਿਸ ਕਰਕੇ ਮੁਸਾਫਿਰਾਂ ਨੂੰ ਬੈਠਣ ਵਿੱਚ ਪਰੇਸ਼ਾਨੀ ਹੁੰਦੀ ਹੈ ।ਖਿੜਕੀਆਂ ਦੇ ਸ਼ੀਸ਼ੇ ਵੀ ਟੁੱਟੇ ਹਨ।ਠੰਡ ਤੇ ਮੀਂਹ ਦੇ ਮੌਸਮ ਵਿੱਚ ਸਵਾਰੀਆਂ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ

ਸੋ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੁਸਾਫਿਰਾਂ ਦੀ ਪਰੇਸ਼ਾਨੀ ਨੂੰ ਸਮਝਦੇ ਹੋਏ ਤੁਸੀਂ ਸਾਡੇ ਪਿੰਡ ਤੱਕ ਦੀ ਬੱਸ ਸੇਵਾ ਨੂੰ ਸੁਧਾਰਨ ਵੱਲ ਧਿਆਨ ਦੇਵੋਗੇ ।

ਧੰਨਵਾਦ ਸਹਿਤ ।

ਆਪ ਜੀ ਦਾ ਵਿਸ਼ਵਾਸ- ਪਾਤਰ ,

**ਦਲਜੀਤ ਸਿੰਘ ਸਰਪੰਚ ਤੇ ਪਿੰਡ ਨਿਵਾਸੀ**

**ਮਿਤੀ:30 ਸਤੰਬਰ 2020**

**ਤਿਆਰ ਕਰਤਾ:ਬਲਜਿੰਦਰ ਕੌਰ ਪੰਜਾਬੀ ਮਿਸਟਰੈਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ, ਜਿਲ੍ਹਾ ਜਲੰਧਰ।**